ਮਿੱਠੇ ਬੱਚੇ:- "ਮਿੱਠੇ ਬੱਚੇ :- ਇੱਥੇ ਧਾਰਨਾ ਕਰ ਦੂਸਰਿਆਂ ਨੂੰ ਵੀ ਜਰੂਰ ਕਰਾਉਣੀ ਹੈ, ਪਾਸ ਹੋਣ ਦੇ ਲਈ ਮਾਂ -ਬਾਪ ਸਮਾਨ ਬਣਨਾ ਹੈ, ਜੋ ਸੁਣਦੇ ਹੋ ਉਹ ਸੁਣਾਉਣਾ ਵੀ ਹੈ"

ਪ੍ਰਸ਼ਨ:- ਪ੍ਰਸ਼ਨ :- ਬੱਚਿਆਂ ਵਿੱਚ ਕਿਹੜੀ ਸ਼ੁਭ ਭਾਵਨਾ ਪੈਦਾ ਹੋਣਾ ਵੀ ਚੰਗੇ ਪੁਰਸ਼ਾਰਥ ਦੀ ਨਿਸ਼ਾਨੀ ਹੈ?

ਉੱਤਰ:- ਬੱਚਿਆਂ ਵਿੱਚ ਜੇਕਰ ਇਹ ਸੁਭ ਕਾਮਨਾ ਰਹਿੰਦੀ ਹੈ ਕਿ ਮਾਤ -ਪਿਤਾ ਨੂੰ ਫਾਲੋ ਕਰ ਗੱਦੀ ਤੇ ਬੈਠਾਂਗੇ ਤਾਂ ਇਹ ਵੀ ਬਹੁਤ ਚੰਗੀ ਹਿੰਮਤ ਹੈ। ਜੋ ਕਹਿੰਦੇ ਹਨ - ਬਾਬਾ, ਅਸੀਂ ਤਾਂ ਪੂਰਾ ਇਮਤਿਹਾਨ ਪਾਸ ਕਰਾਂਗੇ, ਇਹ ਵੀ ਸ਼ੁਭ ਬੋਲਦੇ ਹਨ। ਇਸਦੇ ਲਈ ਜਰੂਰ ਪੁਰਸ਼ਾਰਥ ਵੀ ਇਤਨਾ ਤੀਵਰ ਕਰਨਾ ਹੈ।

ਗੀਤ:- ਹਮਾਰੇ ਤੀਰਥ ਨਿਆਰੇ ਹੈਂ...

ਓਮ ਸ਼ਾਂਤੀ। ਹੁਣ ਇੱਥੇ ਪਾਪ ਆਤਮਾਵਾਂ ਤਾਂ ਸਭ ਹਨ, ਪੁੰਨ ਆਤਮਾਵਾਂ ਹੁੰਦੀਆਂ ਹੀ ਹਨ ਸਵਰਗ ਵਿੱਚ। ਇਹ ਹੈ ਪਾਪ ਆਤਮਾਵਾਂ ਦੀ ਦੁਨੀਆਂ, ਇੱਥੇ ਹਨ ਅਜਾਮਿਲ ਵਰਗੀਆਂ ਪਾਪ ਆਤਮਾਵਾਂ ਅਤੇ ਉਹ ਹੈ ਸਵਰਗ ਦੇ ਦੇਵਤਾਵਾਂ ਦੀ, ਪੁੰਨ ਆਤਮਾਵਾਂ ਦੀ ਦੁਨੀਆਂ। ਦੋਵਾਂ ਦੀ ਮਹਿਮਾ ਵੱਖ - ਵੱਖ ਹੈ। ਹਰ ਇਕ ਜੋ ਬ੍ਰਾਹਮਣ ਹਨ ਉਹ ਆਪਣੇ ਇਸ ਜਨਮ ਦੀ ਜੀਵਨ ਕਹਾਣੀ ਬਾਬਾ ਨੂੰ ਲਿਖ ਭੇਜਦੇ ਹਨ ਕਿ ਇੰਨੇ ਪਾਪ ਕੀਤੇ ਹਨ। ਬਾਬਾ ਦੇ ਕੋਲ ਸਭਦੀ ਜੀਵਨ ਕਹਾਣੀ ਹੈ। ਬੱਚਿਆਂ ਨੂੰ ਪਤਾ ਹੈ ਕਿ ਇੱਥੇ ਸੁਣਨਾ ਅਤੇ ਸੁਣਾਉਣਾ ਹੈ। ਤਾਂ ਸੁਣਨ ਵਾਲੇ ਕਿੰਨੇ ਢੇਰ ਚਾਹੀਦੇ ਹਨ। ਜਦੋਂ ਤੱਕ ਸੁਣਨ ਵਾਲੇ ਨਹੀਂ ਬਣੇ ਹਨ ਉਦੋਂ ਤੱਕ ਪਾਸ ਹੋ ਨਾ ਸਕਣ। ਹੋਰ ਸਤਿਸੰਗਾਂ ਵਿੱਚ ਇਵੇਂ ਸੁਣਕੇ ਫਿਰ ਸੁਣਾਉਣ ਦੇ ਲਈ ਬੰਧੇ ਹੋਏ ਨਹੀਂ ਹਨ। ਇਹ ਹੀ ਧਾਰਨਾ ਕਰ ਫਿਰ ਕਰਾਉਣੀ ਹੈ, ਫਾਲੋਅਰਸ ਬਣਾਉਣੇ ਹਨ। ਇਵੇਂ ਨਹੀਂ ਇੱਕ ਹੀ ਪੰਡਿਤ ਕਥਾ ਸੁਣਾਏਗਾ, ਇੱਥੇ ਹਰ ਇੱਕ ਨੂੰ ਮਾਂ -ਬਾਪ ਸਮਾਨ ਬਣਨਾ ਹੈ। ਹੋਰਾਂ ਨੂੰ ਸੁਣਾਉਣ ਤਾਂ ਪਾਸ ਹੋਣ ਅਤੇ ਬਾਪ ਦੀ ਦਿਲ ਤੇ ਚੜ੍ਹਣ। ਨਾਲੇਜ਼ ਤੇ ਹੀ ਸਮਝਾਇਆ ਜਾਂਦਾ ਹੈ। ਉੱਥੇ ਤਾਂ ਸਭ ਕਹਿਣਗੇ ਸ਼੍ਰੀਕ੍ਰਿਸ਼ਨ ਭਗਵਾਨੁਵਾਚ, ਇੱਥੇ ਕਿਹਾ ਜਾਂਦਾ ਹੈ ਗਿਆਨ ਸਾਗਰ ਪਤਿਤ - ਪਾਵਨ ਗੀਤਾ ਗਿਆਨ ਦਾਤਾ ਸ਼ਿਵ ਭਗਵਾਨੁਵਾਚ। ਰਾਧੇ -ਕ੍ਰਿਸ਼ਨ ਅਤੇ ਲਕਸ਼ਮੀ - ਨਾਰਾਇਣ ਨੂੰ ਭਗਵਤ - ਭਗਵਤੀ ਨਹੀਂ ਕਿਹਾ ਜਾ ਸਕਦਾ, ਲਾਅ ਨਹੀਂ ਹੈ। ਪਰ ਭਗਵਾਨ ਨੇ ਉਹਨਾਂ ਨੂੰ ਪਦਵੀ ਦਿੱਤੀ ਹੈ ਤਾਂ ਜਰੂਰ ਭਗਵਾਨ ਭਗਵਤੀ ਹੀ ਬਣਾਉਣਗੇ ਅਸਲ ਨਾਮ ਪਿਆ ਹੈ। ਤੁਸੀਂ ਹੁਣ ਵਿਜੇ ਮਾਲਾ ਵਿੱਚ ਪਰੋਣ ਦਾ ਪੁਰਸ਼ਾਰਥ ਕਰ ਰਹੇ ਹੋ। ਮਾਲਾ ਤਾਂ ਬਣਦੀ ਹੈ ਨਾ। ਉੱਪਰ ਵਿੱਚ ਹੈ ਰੁਦ੍ਰ। ਰੁਦ੍ਰਾਕਸ਼ ਦੀ ਮਾਲਾ ਹੁੰਦੀ ਹੈ ਨਾ। ਈਸ਼ਵਰ ਦੀ ਮਾਲਾ ਇੱਥੇ ਬਣ ਰਹੀ ਹੈ। ਇਹ ਕਹਿੰਦੇ ਹਨ ਸਾਡੇ ਤੀਰਥ ਨਿਆਰੇ ਹਨ। ਉਹ ਤਾਂ ਬਹੁਤ ਧੱਕੇ ਖਾਂਦੇ ਹਨ ਤੀਰਥਾਂ ਤੇ। ਤੁਹਾਡੀ ਗੱਲ ਹੀ ਨਿਆਰੀ ਹੈ। ਤੁਹਾਡੀ ਬੁੱਧੀ ਦਾ ਯੋਗ ਸ਼ਿਵਬਾਬਾ ਦੇ ਨਾਲ ਹੈ। ਰੁੱਦ੍ਰ ਦੇ ਗਲੇ ਦਾ ਹਾਰ ਬਣਨਾ ਹੈ। ਮਾਲਾ ਦੇ ਰਾਜ਼ ਨੂੰ ਵੀ ਜਾਣਦੇ ਨਹੀਂ। ਉੱਪਰ ਵਿੱਚ ਹੈ ਸ਼ਿਵਬਾਬਾ ਫੁੱਲ, ਫਿਰ ਹੈ ਜਗਤ ਅੰਬਾ, ਜਗਤ ਪਿਤਾ ਅਤੇ ਉਹਨਾਂ ਦੇ 108 ਵੰਸ਼ਾਵਲੀ। ਬਾਬਾ ਨੇ ਦੇਖਿਆ ਹੈ ਬਹੁਤ ਵੱਡੀ ਮਾਲਾ ਹੁੰਦੀ ਹੈ। ਫਿਰ ਸਭ ਉਸਨੂੰ ਖਿੱਚਦੇ ਹਨ। ਰਾਮ - ਰਾਮ ਕਹਿੰਦੇ ਹਨ। ਲਕਸ਼ ਕੁਝ ਨਹੀਂ। ਰੁਦ੍ਰ ਮਾਲਾ ਫੇਰਦੇ ਹਨ, ਰਾਮ - ਰਾਮ ਦੀ ਧੁਨੀ ਲਗਾ ਦਿੰਦੇ ਹਨ। ਇਹ ਸਭ ਹੋਇਆ ਭਗਤੀ ਮਾਰਗ। ਇਹ ਫਿਰ ਵੀ ਹੋਰ ਗੱਲਾਂ ਤੋਂ ਠੀਕ ਹੈ, ਉਤਨਾ ਸਮੇਂ ਕੋਈ ਪਾਪ ਨਹੀਂ ਹੋਵੇਗਾ। ਪਾਪਾਂ ਤੋਂ ਬਚਨ ਦੀਆਂ ਇਹ ਯੁਕਤੀਆਂ ਹਨ। ਇੱਥੇ ਮਾਲਾ ਫੇਰਨ ਦੀ ਗੱਲ ਨਹੀਂ ਹੈ। ਖੁਦ ਮਾਲਾ ਦਾ ਦਾਨਾ ਬਣਨਾ ਹੈ। ਤਾਂ ਸਾਡੇ ਤੀਰਥ ਨਿਆਰੇ ਹਨ। ਅਸੀਂ ਅਵਿੱਭਚਾਰੀ ਰਾਹੀ ਹਾਂ - ਆਪਣੇ ਸ਼ਿਵਬਾਬਾ ਦੇ ਘਰ ਦੇ ਯੋਗ ਨਾਲ ਸਾਡੇ ਨਾਲ ਸਾਡੇ ਜਨਮ - ਜਨਮਾਂਤਰ ਦੇ ਵਿਕਰਮ ਭਸਮ ਹੁੰਦੇ ਹਨ। ਸ਼੍ਰੀਕ੍ਰਿਸ਼ਨ ਨੂੰ ਕੋਈ ਦਿਨ - ਰਾਤ ਯਾਦ ਕਰੇ ਪਰ ਵਿਕਰਮ ਕਦੇ ਵੀ ਵਿਨਾਸ਼ ਹੋ ਨਾ ਸਕਣ। ਰਾਮ - ਰਾਮ ਕਿਹਾ ਤਾਂ ਉਸ ਸਮੇਂ ਪਾਪ ਨਹੀਂ ਹੋਵੇਗਾ, ਫਿਰ ਪਾਪ ਕਰਨ ਲਗ ਜਾਣਗੇ। ਇਵੇਂ ਨਹੀਂ, ਪਾਪ ਕਟਦੇ ਹਨ ਜਾਂ ਉਮਰ ਵਧਦੀ ਹੈ। ਇੱਥੇ ਯੋਗਬਲ ਨਾਲ ਤੁਸੀਂ ਬੱਚਿਆਂ ਦੇ ਪਾਪ ਭਸਮ ਹੁੰਦੇ ਹਨ ਅਤੇ ਉਮਰ ਵੱਧਦੀ ਹੈ। ਜਨਮ - ਜਨਮਾਂਤਰ ਦੇ ਲਈ ਉਮਰ ਅਵਿਨਾਸ਼ੀ ਹੋ ਜਾਂਦੀ ਹੈ।

ਮਨੁੱਖ ਤੋਂ ਦੇਵਤਾ ਬਣਨਾ - ਇਸਨੂੰ ਹੀ ਜੀਵਨ ਬਨਾਉਣਾ ਕਿਹਾ ਜਾਂਦਾ ਹੈ। ਦੇਵਤਾਵਾਂ ਦੀ ਕਿੰਨੀ ਮਹਿਮਾ ਹੈ। ਆਪਣੇ ਨੂੰ ਕਹਿਣਗੇ ਅਸੀਂ ਨੀਚ ਪਾਪੀ ਹਾਂ... ਤਾਂ ਜਰੂਰ ਸਭ ਇਵੇਂ ਹੋਣਗੇ। ਗਾਉਂਦੇ ਵੀ ਹਨ ਮੁਝ ਨਿਰਗੁਣ ਹਾਰੇ ਵਿੱਚ ਕੋਈ ਗੁਣ ਨਹੀਂ, ਆਪੇ ਹੀ ਤਰਸ ਪਿਰੋਈ...। ਇਹ ਪਰਮਾਤਮਾ ਦੀ ਮਹਿਮਾ ਕਰਦੇ ਹਨ। ਉਹ ਤੁਹਾਨੂੰ ਸਰਵਗੁਣ ਸੰਪੰਨ ਸ਼੍ਰੀਕ੍ਰਿਸ਼ਨ ਸਮਾਨ ਬਣਾ ਦਿੰਦੇ ਹਨ। ਹੁਣ ਤੁਸੀਂ ਬਣ ਰਹੇ ਹੋ। ਇਸਦੇ ਅੱਗੇ ਕੋਈ ਗੁਣ ਨਹੀਂ ਹੈ। ਇੱਕ ਨਿਰਗੁਣ ਬਾਲਕ ਦੀ ਸੰਸ਼ਥਾ ਵੀ ਹੈ। ਅਰਥ ਨਹੀਂ ਸਮਝਦੇ - ਨਿਰਗੁਣ ਕਿਸਨੂੰ ਕਹਿੰਦੇ ਹਨ। ਤੁਸੀਂ ਬੱਚੇ ਜਾਣਦੇ ਹੋ ਸ਼੍ਰੀਕ੍ਰਿਸ਼ਨ ਅਤੇ ਲਕਸ਼ਮੀ -ਨਾਰਾਇਣ ਦੇ ਗੁਣਾਂ ਦੀ ਮਹਿਮਾ ਗਾਉਂਦੇ ਹਨ ਸਰਵਗੁਣ ਸੰਪੰਨ…. ਹੁਣ ਫਿਰ ਤੁਸੀਂ ਬਣ ਰਹੇ ਹੋ। ਹੋਰ ਕੋਈ ਸਤਿਸੰਗ ਇਵੇਂ ਨਹੀਂ ਹੋਵੇਗਾ ਜਿੱਥੇ ਇਵੇਂ ਕਹਿਣਗੇ। ਇੱਥੇ ਬਾਪ ਪੁੱਛਦੇ ਹਨ ਤੁਸੀਂ ਲਕਸ਼ਮੀ - ਨਰਾਇਣ ਨੂੰ ਵਰੋਂਗੇ ਜਾਂ ਰਾਮ -ਸੀਤਾ ਨੂੰ? ਬੱਚੇ ਵੀ ਬੇਸਮਝ ਤਾਂ ਨਹੀਂ ਹਨ। ਝੱਟ ਕਹਿੰਦੇ ਹਨ ਬਾਬਾ ਅਸੀਂ ਤਾਂ ਪੂਰਾ ਇਮਤਿਹਾਨ ਪਾਸ ਕਰਾਂਗੇ। ਸ਼ੁਭ ਬੋਲਦੇ ਹਨ। ਪਰ ਇਵੇਂ ਨਹੀਂ ਹੈ ਕਿ ਸਭ ਇੱਕ ਸਮਾਨ ਬਣ ਸਕਣਗੇ। ਫਿਰ ਵੀ ਹਿੰਮਤ ਦਿਖਾਉਂਦੇ ਹਨ। ਮੰਮਾ -ਬਾਬਾ ਹੈ ਸ਼ਿਵਬਾਬਾ ਦੇ ਮੁਰਬੀ ਬੱਚੇ। ਅਸੀਂ ਉਹਨਾਂ ਨੂੰ ਪੂਰਾ ਫਾਲੋ ਕਰ ਗੱਦੀ ਤੇ ਬੈਠਾਂਗੇ। ਇਹ ਸ਼ੁਭ ਕਾਮਨਾ ਚੰਗੀ ਹੈ। ਫਿਰ ਇਨ੍ਹਾਂ ਪੁਰਸ਼ਾਰਥ ਕਰਨਾ ਚਾਹੀਦਾ ਹੈ। ਇਸ ਸਮੇਂ ਦਾ ਪੁਰਸ਼ਾਰਥ ਕਲਪ - ਕਲਪ ਦਾ ਬਣ ਜਾਏਗਾ, ਗਰੰਟੀ ਹੋ ਜਾਏਗੀ। ਹੁਣ ਦੇ

ਪੁਰਸ਼ਾਰਥ ਨਾਲ ਪਤਾ ਲੱਗੇਗਾ ਕਿ ਕਲਪ ਪਹਿਲੇ ਵੀ ਇਵੇਂ ਕੀਤਾ ਸੀ। ਕਲਪ -ਕਲਪ ਇਵੇਂ ਪੁਰਸ਼ਾਰਥ ਚੱਲੇਗਾ। ਜਦੋਂ ਇਮਤਿਹਾਨ ਹੋਣ ਦਾ ਸਮਾਂ ਹੁੰਦਾ ਹੈ ਤਾਂ ਪਤਾ ਪੈ ਜਾਂਦਾ ਹੈ - ਅਸੀਂ ਕਿੱਥੇ ਤੱਕ ਪਾਸ ਹੋਵਾਂਗੇ। ਟੀਚਰ ਨੂੰ ਤਾਂ ਝੱਟ ਪਤਾ ਲਗ ਜਾਂਦਾ ਹੈ। ਇਹ ਹੈ ਨਰ ਤੋਂ ਨਾਰਾਇਣ ਬਣਨ ਦੀ ਗੀਤਾ ਪਾਠਸ਼ਾਲਾ ਅਤੇ ਗੀਤਾ ਪਾਠਸ਼ਾਲਾਵਾਂ ਵਿੱਚ ਇਵੇਂ ਕਦੀ ਨਹੀਂ ਕਹਿਣਗੇ ਕਿ ਅਸੀਂ ਨਰ ਤੋਂ ਨਾਰਾਇਣ ਬਣਨ ਆਏ ਹਾਂ, ਨਾ ਟੀਚਰ ਹੀ ਕਹਿ ਸਕਦੇ ਹਨ ਕਿ ਮੈਂ ਨਰ ਤੋਂ ਨਾਰਾਇਣ ਬਣਾਵਾਂਗਾ। ਪਹਿਲੇ ਤਾਂ ਤੀਕਰ ਨੂੰ ਨਸ਼ਾ ਚਾਹੀਦਾ ਹੈ ਕਿ ਮੈਂ ਵੀ ਨਰ ਤੋਂ ਨਰਾਇਣ ਬਣਾਂਗਾ। ਗੀਤਾ ਦੇ ਪ੍ਰਵਚਨ ਕਰਨ ਵਾਲੇ ਤਾਂ ਢੇਰ ਹੋਣਗੇ। ਪਰ ਕਿੱਥੇ ਵੀ ਇਵੇਂ ਨਹੀਂ ਕਹਿਣਗੇ ਕਿ ਅਸੀਂ ਸ਼ਿਵਬਾਬਾ ਦਵਾਰਾ ਪੜ੍ਹਦੇ ਹਾਂ। ਉਹ ਤਾਂ ਮਨੁੱਖਾਂ ਦਵਾਰਾ ਪੜ੍ਹਦੇ ਹਨ। ਤੁਸੀਂ ਵੀ ਜਾਣਦੇ ਹੋ ਉੱਚ ਤੇ ਉੱਚ ਹਨ ਪਰਮਪਿਤਾ ਪਰਮਾਤਮਾ ਸ਼ਿਵ, ਜੋ ਹੀ ਸਵਰਗ ਦਾ ਰਚਿਯਤਾ ਨਾਲੇਜ਼ਫੁੱਲ ਹੈ, ਉਹ ਹੀ ਆਕੇ ਪਤਿਤਾਂ ਨੂੰ ਪਾਵਨ ਬਣਾਉਂਦੇ ਹਨ। ਗੁਰੂ ਨਾਨਕ ਨੇ ਵੀ ਉਹਨਾਂ ਦੀ ਮਹਿਮਾ ਗਾਈ ਹੈ - ਜਪ ਸਾਹਿਬ ਨੂੰ ਤਾਂ ਸੁਖ ਮਿਲੇ। ਹੁਣ ਤੁਸੀਂ ਜਾਣਦੇ ਹੋ ਉੱਚ ਤੇ ਉੱਚ ਸੱਚਾ ਸਾਹਿਬ ਉਹ ਹੈ, ਉਹ ਖੁਦ ਕਹਿੰਦੇ ਹਨ ਮੁਝ ਬਾਪ ਨੂੰ ਯਾਦ ਕਰੋ। ਮੈਂ ਤੁਹਾਨੂੰ ਸੱਚੀ ਅਮਰਕਥਾ, ਤੀਜਰੀ ਦੀ ਕਥਾ ਸੁਣਾਉਂਦਾ ਹਾਂ। ਤਾਂ ਇਹ ਨਾਲੇਜ਼ ਹੈ ਤੀਸਰਾ ਨੇਤਰ ਮਿਲਣ ਦੀ ਅਤੇ ਨਰ ਤੋਂ ਨਾਰਾਇਣ ਬਣਨ ਦੀ। ਹੇ ਪਪ੍ਰਵਤੀਆਂ, ਮੈਂ ਅਮਰਨਾਥ ਤੁਹਾਨੂੰ ਅਮਰਕਥਾ ਸੁਣਾ ਰਿਹਾ ਹੈ। ਉੱਚ ਤੇ ਉੱਚ ਹੈ ਸ਼ਿਵਬਾਬਾ ਫਿਰ ਬ੍ਰਹਮਾ -ਵਿਸ਼ਨੂੰ -ਸ਼ੰਕਰ, ਫਿਰ ਸਵਰਗ ਵਿੱਚ ਲਕਸ਼ਮੀ - ਨਾਰਾਇਣ, ਫਿਰ ਚੰਦਰਵੰਸ਼ੀ... ਨੰਬਰਵਾਰ ਚਲੇ ਆਓ। ਸਮੇਂ ਵੀ ਸਤੋ - ਰਜੋ -ਤਮੋ ਹੁੰਦਾ ਹੈ। ਇਹ ਗੱਲਾਂ ਕੋਈ ਵੀ ਨਹੀਂ ਜਾਣਦੇ। ਬਾਬਾ ਬਹੁਤ ਗੁਹੇ ਗੱਲਾਂ ਸੁਣਾ ਰਹੇ ਹਨ। ਆਤਮਾਵਾਂ ਵਿੱਚ ਅਵਿਨਾਸ਼ੀ ਪਾਰ੍ਹ ਹੈ। ਇੱਕ -ਇੱਕ ਜਨਮ ਦਾ ਪਾਰ੍ਹ ਭਰਿਆ ਹੋਇਆ ਹੈ। ਉਹ ਕਦੀ ਵਿਨਾਸ਼ ਨੂੰ ਨਹੀਂ ਪਾਉਂਦਾ ਹੈ। ਬਾਪ ਕਹਿੰਦੇ ਹਨ ਮੇਰਾ ਪਾਰ੍ਹ ਭਰਿਆ ਹੋਇਆ ਹੈ, ਤੁਸੀਂ ਸੁਖਧਾਮ ਵਿੱਚ ਰਹਿੰਦੇ ਹੋ ਤਾਂ ਅਸੀਂ ਸ਼ਾਂਤੀਧਾਮ ਵਿੱਚ ਹਾਂ। ਸੁਖ ਅਤੇ ਦੁੱਖ ਤੁਹਾਡੇ ਨਸੀਬ ਵਿੱਚ ਹੈ। ਸੁਖ ਅਤੇ ਦੁੱਖ ਵਿੱਚ ਕਿੰਨੇ - ਕਿੰਨੇ ਜਨਮ ਮਿਲਦੇ ਹਨ, ਉਹ ਵੀ ਸਮਝਾ ਦਿੱਤਾ ਹੈ। ਮੈਂ ਤੁਹਾਡਾ ਨਿਸ਼ਕਾਮੀ ਬਾਪ ਹਾਂ। ਤੁਸੀਂ ਸਭਨੂੰ ਸਵਰਗ ਦਾ ਮਾਲਿਕ ਬਣਾਉਂਦਾ ਹਾਂ। ਜੇਕਰ ਮੈਂ ਵੀ ਪਤਿਤ ਬਣਾ ਤਾਂ ਤੁਹਾਨੂੰ ਪਾਵਨ ਕੌਣ ਬਣਾਏ? ਸਭ ਦੀ ਪੁਕਾਰ ਕੌਣ ਸੁਣੇ? ਪਤਿਤ- ਪਾਵਨ ਕਿਸਨੂੰ ਕਹੀਏ? ਇਹ ਬਾਪ ਸਮਝਦੇ ਹਨ, ਕੋਈ ਗੀਤਾ - ਪਾਠੀ ਇਵੇਂ ਨਹੀਂ ਸਮਝਾ ਸਕਦੇ, ਉਹ ਤਾਂ ਤ੍ਰਿਲੋਕੀ ਦਾ ਅਰਥ ਵੱਖ - ਵੱਖ ਤਰ੍ਹਾਂ ਨਾਲ ਕਰਦੇ ਹਨ। ਮਨੁੱਖ ਕਹਿੰਦੇ ਹਨ ਵੇਦ -ਸ਼ਾਸਤਰਾਂ ਨਾਲ ਭਗਵਾਨ ਨਾਲ ਮਿਲਣ ਦਾ ਰਸਤਾ ਨਹੀਂ ਮਿਲਦਾ ਹੈ। ਬਾਪ ਕਹਿੰਦੇ ਹਨ ਇਹ ਸਭ ਸ਼ਾਸਤਰ ਹਨ ਭਗਤੀਮਾਰਗ ਦੇ ਲਈ। ਗਿਆਨ ਮਾਰਗ ਵਾਲਿਆਂ ਦੇ ਲਈ ਸ਼ਾਸਤਰ ਹੈ ਨਹੀਂ। ਗਿਆਨ ਸੁਣਾਉਣ ਵਾਲਾ ਗਿਆਨ ਸਾਗਰ ਮੈਂ ਹਾਂ। ਬਾਕੀ ਸਭ ਹੈ ਭਗਤੀ ਮਾਰਗ ਦੀ ਸਮਗ੍ਰੀ। ਮੈਂ ਹੀ ਆਕੇ ਇਸ ਗਿਆਨ ਨਾਲ ਸਰਵ ਨੂੰ ਸਦਗਤੀ ਦਿੰਦਾ ਹਾਂ। ਉਹ ਤਾਂ ਸਮਝਦੇ ਹਨ ਬੁਦਬੁਦਾ ਪਾਣੀ ਤੋਂ ਨਿਕਲ ਫਿਰ ਸਮਾ ਜਾਂਦਾ ਹੈ। ਪਰ ਮਿਲਣ ਦੀ ਤਾਂ ਗੱਲ ਹੀ ਨਹੀਂ। ਆਤਮਾ ਇਮਾਰਟਲ ਹੈ, ਉਹ ਕਦੀ ਜਲਦੀ, ਕੱਟਦੀ, ਘੱਟਦੀ ਨਹੀਂ। ਬਾਪ ਇਹਨਾਂ ਗੱਲਾਂ ਦੀ ਸਮਝਾਣੀ ਦਿੰਦੇ ਹਨ। ਤੁਸੀਂ ਬੱਚਿਆਂ ਨੂੰ ਪਾਰ ਤੋਂ ਚੋਟੀ ਤੱਕ ਖੁਸ਼ੀ ਰਹਨਿ ਚਾਹੀਦੀ ਹੈ - ਅਸੀਂ ਯੋਗਬਲ ਨਾਲ ਵਿਸ਼ਵ ਦੇ ਮਾਲਿਕ ਬਣ ਰਹੇ ਹਾਂ। ਇਹ ਖੁਸ਼ੀ ਵੀ ਨੰਬਰਵਾਰ ਹੈ। ਇਕਰਸ ਹੋ ਨਹੀਂ ਸਕਦਾ ਸਕਦੀ। ਇਮਤਿਹਾਨ ਭਾਵੇ ਇੱਕ ਹੀ ਹੈ, ਪਰ ਪਾਸ ਵੀ ਕਰ ਸਕੇ ਨਾ। ਰਾਜਧਾਨੀ ਸਥਾਪਨ ਹੋ ਰਹੀ ਹੈ, ਉਸਦਾ ਪਲੈਨ ਦੱਸ ਦਿੰਦੇ ਹਨ। ਸੂਰਜਵੰਸ਼ੀ ਵਿੱਚ ਇੰਨੀ ਗੱਦੀ, ਚੰਦਰਵੰਸ਼ੀ ਵਿੱਚ ਇੰਨੀ ਗੱਦੀ, ਜੋ ਨਾਪਸ ਹੁੰਦੇ ਹਨ ਉਹ ਹਨ ਦਾਸ - ਦਾਸੀ। ਦਾਸ - ਦਾਸੀਆਂ ਤੋਂ ਫਿਰ ਨੰਬਰਵਾਰ ਰਾਜਾ - ਰਾਣੀ ਬਣਦੇ ਹਨ। ਅਣਪੜ੍ਹੇ ਅੰਤ ਵਿੱਚ ਪਦਵੀ ਪਾਉਂਦੇ । ਬਾਬਾ ਸਮਝਾਉਂਦੇ ਤਾਂ ਬਹੁਤ ਹਨ, ਕੁਝ ਵੀ ਨਾ ਸਮਝੋਂ ਤਾਂ ਪੁੱਛ ਸਕਦੇ ਹੋ। ਵਿਵੇਕ ਕਹਿੰਦਾ ਹੈ ਨਹੀਂ ਤਾਂ ਉਹ ਕਿੱਥੇ ਜਨਮ ਲੈਂਦੇ, ਉੱਥੇ ਵੀ ਕੋਈ ਘਟ ਸੁਖ ਹੈ ਕੀ। ਬੜਾ ਮਾਨ ਰਹਿੰਦਾ ਹੈ। ਵੱਡੇ ਮਹਿਲਾ ਦੇ ਅੰਦਰ ਰਹਿੰਦੇ ਹਨ। ਵੱਡੇ - ਵੱਡੇ ਬਗੀਚੇ ਹੁੰਦੇ ਹਨ। ਉੱਥੇ ਦੋ ਤਿੰਨ ਮੰਜ਼ਿਲ ਬਨਾਉਣ ਲੋੜ ਨਹੀਂ ਰਹਿੰਦੀ। ਜਮੀਨ ਬਹੁਤ ਪਈ ਰਹਿੰਦੀ ਹੈ। ਪੈਸੇ ਦੀ ਕਮੀ ਨਹੀਂ, ਬੜਾ ਸ਼ੌਂਕ ਰਹਿੰਦਾ ਹੈ ਬਨਾਉਣ ਦਾ। ਜਿਵੇਂ ਇੱਥੇ ਮਨੁੱਖਾਂ ਨੂੰ ਸ਼ੌਂਕ ਰਹਿੰਦਾ ਹੈ ਨਾ। ਨਿਊ ਦੇਹਲੀ ਬਣਾਈ ਤਾਂ ਉਹ ਸਮਝਦੇ, ਇਹ ਨਵਾਂ ਭਾਰਤ ਹੈ। ਅਸਲ ਵਿੱਚ ਤਾਂ ਨਵਾਂ ਭਾਰਤ ਸਵਰਗ ਨੂੰ, ਪੁਰਾਣਾ ਭਾਰਤ ਨਰਕ ਨੂੰ ਕਿਹਾ ਜਾਂਦਾ ਹੈ। ਉੱਥੇ ਜਿਨ੍ਹਾਂ ਜਿਸਨੂੰ ਚਾਹੀਦਾ... ਹੋਵੇਗਾ ਤਾਂ ਸਭ ਡਰਾਮਾ ਅਨੁਸਾਰ। ਮਹਿਲ ਆਦਿ ਜੋ ਕਲਪ ਪਹਿਲੇ ਬਣਾਏ ਹੋਣਗੇ, ਉਹ ਹੀ ਬਨਾਉਣਗੇ। ਇਹ ਗਿਆਨ ਦੂਸਰਾ ਕੋਈ ਸਮਝ ਨਾ ਸਕੇ ਪਰ ਜਿਸਦੀ ਤਕਦੀਰ ਵਿੱਚ ਹੈ, ਉਹਨਾਂ ਦੀ ਬੁੱਧੀ ਵਿੱਚ ਬੈਠਦਾ ਹੈ। ਬੱਚਿਆਂ ਨੂੰ ਪੁਰਸ਼ਾਰਥ ਕਰਨਾ ਹੈ, ਪੂਰਾ ਯੋਗ ਵਿੱਚ ਰਹਿਣਾ ਹੈ। ਭਗਤੀ ਮਾਰਗ ਵਿੱਚ ਸ਼੍ਰੀਕ੍ਰਿਸ਼ਨ ਯੋਗ ਵਿੱਚ ਹੀ ਰਹਿੰਦੇ ਆਏ, ਸਵਰਗ ਦੇ ਮਾਲਿਕ ਤਾਂ ਬਣੇ ਨਹੀਂ। ਹੁਣ ਤਾਂ ਸਵਰਗ ਤੁਹਾਡੇ ਸਾਹਮਣੇ ਹੈ। ਤੁਸੀਂ ਪਰਮਪਿਤਾ ਪਰਮਾਤਮਾ ਦੀ ਬਾਇਓਗ੍ਰਾਫੀ, ਬ੍ਰਹਮਾ - ਵਿਸ਼ਨੂੰ - ਸ਼ੰਕਰ ਦੀ ਬਾਇਓਗ੍ਰਾਫੀ ਵੀ ਜਾਣਦੇ ਹੋ। ਬ੍ਰਹਮਾ ਕਿੰਨੇ ਜਨਮ ਲੈਂਦੇ ਹਨ , ਇਹ ਤੁਹਾਨੂੰ ਪਤਾ ਹੈ।

ਬਾਬਾ ਕਹਿੰਦੇ ਹਨ ਇਹ ਮਾਤਾਵਾਂ ਸਵਰਗ ਦਾ ਦਵਾਰ ਖੋਲ੍ਹਣ ਵਾਲੀਆਂ ਹਨ, ਬਾਕੀ ਸਭ ਨਰਕ ਵਿੱਚ ਪਏ ਹੋਏ ਹਨ। ਮਾਤਾਵਾਂ ਹੀ ਸਭਦਾ ਉਦਾਰ ਕਰਨਗੀਆਂ। ਅਸੀਂ ਪਰਮਾਤਮਾ ਦੀ ਮਹਿਮਾ ਕਰਦੇ ਹਨ। ਤੁਸੀਂ ਸਮਝਕੇ ਕਹਿੰਦੇ ਹੋ ਸ਼ਿਵਬਾਬਾ ਤੁਹਾਨੂੰ ਨਮਸਤੇ। ਤੁਸੀਂ ਆਕੇ ਸਾਨੂੰ ਵਾਰਿਸ ਬਣਾਉਂਦੇ ਹੋ, ਸਵਰਗ ਦੇ ਮਾਲਿਕ ਬਣਾਉਂਦੇ ਹੋ, ਅਜਿਹੇ ਸ਼ਿਵਬਾਬਾ ਤੁਹਾਨੂੰ ਨਮਸਤੇ। ਬਾਪ ਨੂੰ ਤਾਂ ਬੱਚੇ ਨਮਸਤੇ ਕਰਦੇ ਹੀ ਹਨ। ਫਿਰ ਬਾਪ ਵੀ ਕਹਿੰਦੇ - ਬੱਚੇ ਨਮਸਤੇ। ਤੁਸੀਂ ਵੀ ਮੈਨੂੰ ਪਾਈ ਪਾਸੇ ਦਾ ਵਾਰਿਸ ਬਣਾਉਂਦੇ ਹੋ, ਕੌਡੀ ਦਾ ਵਾਰਿਸ ਬਣਾਉਂਦੇ ਹੋ, ਅਸੀਂ ਤੁਹਾਨੂੰ ਹੀਰੇ ਦਾ ਵਾਰਿਸ ਬਣਾਉਂਦੇ ਹਾਂ। ਸ਼ਿਵ ਬਾਲਕ ਨੂੰ ਵਾਰਿਸ ਬਣਾਉਂਦੇ ਹੋ ਨਾ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਨਮਸਤੇ, ਸਲਾਮ ਮਾਲੇਕਮ।

ਵੰਦੇ ਮਾਤਰਮ।

ਧਾਰਨਾ ਲਈ ਮੁੱਖ ਸਾਰ:-

1. ਸ਼ਿਵਬਾਬਾ ਦੇ ਘਰ ਦਾ ਅਵਿੱਭਚਾਰੀ ਰਾਹੀ ਬਣ ਯੋਗਬਲ ਨਾਲ ਵਿਕ੍ਰਮਾਂ ਨੂੰ ਦਗਦ ਕਰਨਾ ਹੈ। ਗਿਆਨ ਦਾ ਸਿਮਰਨ ਕਰ ਅਪਾਰ ਖੁਸ਼ੀ ਵਿੱਚ ਰਹਿਣਾ ਹੈ।

2. ਬਾਪ ਸਮਾਨ ਗੱਦੀ ਨਸ਼ੀਨ ਬਣਨ ਦੀ ਸ਼ੁਭ ਕਾਮਨਾ ਰੱਖਦੇ ਹੋਏ ਬਾਪ ਨੂੰ ਪੂਰਾ ਫਾਲੋ ਕਰਨਾ ਹੈ।

ਵਰਦਾਨ:- ਸ਼ੀਤਲਾ ਦੇਵੀ ਬਣ ਸਰਵ ਕਰਮਇੰਦਰੀਆਂ ਨੂੰ ਸ਼ੀਤਲ ਬਨਾਉਣ ਵਾਲੇ ਸਵਰਾਜ ਅਧਿਕਾਰੀ ਭਵ

ਜੋ ਸਵਰਾਜ ਅਧਿਕਾਰੀ ਬੱਚੇ ਹਨ, ਉਹਨਾਂ ਨੂੰ ਕੋਈ ਵੀ ਕਰਮਇੰਦਰੀ ਧੋਖਾ ਨਹੀਂ ਦੇ ਸਕਦੀ। ਜਦੋਂ ਧੋਖਾ ਦੇਣ ਦੀ ਚੰਚਲਤਾ ਸਮਾਪਤ ਹੋ ਜਾਂਦੀ ਹੈ ਉਦੋਂ ਖੁਦ ਸ਼ੀਤਲਾ ਦੇਵੀ ਬਣ ਜਾਂਦੇ ਅਤੇ ਸਭ ਕਰਮਇੰਦਰੀਆਂ ਵੀ ਸ਼ੀਤਲ ਹੋ ਜਾਂਦੀ। ਸ਼ੀਤਲਾ ਦੇਵੀ ਵਿੱਚ ਕਦੇ ਕ੍ਰੋਧ ਨਹੀਂ ਆਉਂਦਾ। ਕਈ ਕਹਿੰਦੇ ਹਨ ਕ੍ਰੋਧ ਨਹੀਂ ਹੈ, ਥੋੜ੍ਹਾ ਰੋਬ ਤਾਂ ਰੱਖਣਾ ਪੈਂਦਾ ਹੈ। ਪਰ ਰੋਬ ਵੀ ਕ੍ਰੋਧ ਦਾ ਅੰਸ਼ ਹੈ। ਤਾਂ ਜਿੱਥੇ ਅੰਸ਼ ਹੈ ਉੱਥੇ ਅਸ਼ ਪੈਦਾ ਹੋ ਜਾਂਦਾ ਹੈ। ਤਾਂ ਸ਼ੀਤਲਾ ਦੇਵੀ ਅਤੇ ਸ਼ੀਤਲ ਦੇਵ ਹੋ ਇਸਲਈ ਸੁਪਨੇ ਵਿੱਚ ਵੀ ਕ੍ਰੋਧ ਜਾਂ ਰੋਬ ਦਾ ਸੰਸਕਾਰ ਇਮਰਜ ਨਾ ਹੋਵੇ।

ਸਲੋਗਨ:- ਆਗਿਆਕਾਰੀ ਬੱਚੇ ਖੁਦ ਅਸ਼ੀਰਵਾਦ ਦੇ ਪਾਤਰ ਹੁੰਦੇ ਹਨ, ਉਹਨਾਂ ਨੂੰ ਅਸ਼ੀਰਵਾਦ ਮੰਗਣ ਦੀ ਲੋੜ ਨਹੀਂ।

******

ਮਾਤੇਸ਼ਵਰੀ ਜੀ ਦੇ ਮਹਾਵਾਕ

"ਨੈਣਹੀਣ ਮਤਲਬ ਗਿਆਨ ਨੇਤਰਹੀਣ ਨੂੰ ਰਾਹ ਦੱਸਣ ਵਾਲਾ ਪਰਮਾਤਮਾ"

ਨੈਣਹੀਣ ਨੂੰ ਰਾਹ ਦਿਖਾਓ ਪ੍ਰਭੂ... ਹੁਣ ਇਹ ਜੋ ਮਨੁੱਖ ਗੀਤ ਗਾਉਂਦੇ ਹਨ ਨੈਣਹੀਣ ਨੂੰ ਰਾਹ ਦੱਸੋ, ਤਾਂ ਗੋਇਆ ਰਾਹ ਦਿਖਾਉਣ ਵਾਲਾ ਇੱਕ ਹੀ ਪਰਮਾਤਮਾ ਠਹਿਰਿਆ, ਤਾਂ ਹੀ ਤੇ ਪਰਮਾਤਮਾ ਨੂੰ ਬੁਲਾਉਂਦੇ ਹਨ ਅਤੇ ਜਿਸ ਸਮੇਂ ਕਹਿੰਦੇ ਹਨ ਪ੍ਰਭੂ ਰਾਹ ਦੱਸੋ ਤਾਂ ਜਰੂਰ ਮਨੁੱਖਾਂ ਨੂੰ ਰਾਹ ਦਿਖਾਉਣ ਦੇ ਲਈ ਖੁਦ ਪਰਮਾਤਮਾ ਨੂੰ ਨਿਰਾਕਾਰ ਰੂਪ ਤੋਂ ਸਾਕਾਰ ਰੂਪ ਵਿੱਚ ਜਰੂਰ ਆਉਣਾ ਪਵੇਗਾ, ਤਾਂ ਹੀ ਤਾਂ ਸਥੂਲ ਵਿੱਚ ਰਾਹ ਦੱਸਣਗੇ, ਆਉਣ ਬਿਗਰ ਰਾਹ ਤਾਂ ਦੱਸ ਨਹੀਂ ਸਕਣਗੇ। ਹੁਣ ਮਨੁੱਖ ਜੋ ਮੂੰਝੇ ਹੋਏ ਹਨ, ਉਹਨਾਂ ਮੂੰਝੇਂ ਹੋਏ ਨੂੰ ਰਾਹ ਚਾਹੀਦਾ ਇਸਲਈ ਪਰਮਾਤਮਾ ਨੂੰ ਕਹਿੰਦੇ ਹਨ ਨੈਣਹੀਣ ਨੂੰ ਰਾਹ ਦੱਸੋ ਪ੍ਰਭੂ... ਇਸਨੂੰ ਹੀ ਫਿਰ ਖਵਈਆ ਵੀ ਕਿਹਾ ਜਾਂਦਾ ਹੈ, ਜੋ ਉਸ ਪਾਰ ਮਤਲਬ ਇਹਨਾਂ 5 ਤਤਵਾਂ ਤੋਂ ਪਾਰ ਜੋ ਛੇਵਾਂ ਤਤੱਵ ਅਖੰਡ ਜੋਤੀ ਮਹਾ ਤੱਤਵ ਹੈ ਉਸ ਵਿੱਚ ਲੈ ਚੱਲੇਗਾ। ਤਾਂ ਪਰਮਾਤਮਾ ਵੀ ਜਦੋਂ ਉਸ ਪਾਰ ਤੋਂ ਇਸ ਪਾਰ ਆਵੇ ਤਾਂ ਤੇ ਲੈ ਚੱਲੇਗਾ। ਤਾਂ ਪਰਮਾਤਮਾ ਨੂੰ ਵੀ ਆਪਣੇ ਧਾਮ ਤੋਂ ਆਉਣਾ ਪੈਂਦਾ ਹੈ, ਤਾਂ ਤੇ ਪਰਮਾਤਮਾ ਨੂੰ ਖਵਈਆ ਕਹਿੰਦੇ ਹਨ। ਉਹ ਹੀ ਸਾਨੂੰ ਬੋਟ ਨੂੰ ( ਆਤਮਾ ਰੂਪੀ ਨਾਂਵ ਨੂੰ ) ਪਾਰ ਲੈ ਚਲਦਾ ਹੈ। ਹੁਣ ਜੋ ਪਰਮਾਤਮਾ ਦੇ ਨਾਲ ਯੋਗ ਰੱਖਦਾ ਹੈ ਉਨ੍ਹਾਂ ਨੂੰ ਨਾਲ ਲੈ ਜਾਵੇਗਾ। ਬਾਕੀ ਜੋ ਬਚ ਜਾਣਗੇ ਉਹ ਧਰਮਰਾਜ ਦੀਆਂ ਸਜਾਵਾਂ ਖਾਕੇ ਬਾਦ ਵਿੱਚ ਮੁਕਤ ਹੁੰਦੇ ਹਨ। ਅੱਛਾ - ਓਮ ਸ਼ਾਂਤੀ।